## ਬੀ ਸੀ ਐੱਮ ਸਕੂਲ, ਚੰਡੀਗੜ੍ਹ ਰੋਡ ਲੁਧਿਆਣਾ।

## ਸੀਨੀਅਰ ਸੈਕੰਡਰੀ ਸਕੂਲ ਆਫ ਬੀ ਸੀ ਐੱਮ ਫਾਊਡੇਸ਼ਨ।

## ਕੇਂਦਰੀ ਮਾਧਮਿਕ ਸਿੱਖਿਆ ਬੋਰਡ ਦੁਆਰਾ ਮਾਨਤਾ ਪ੍ਰਾਪਤ,ਨਵੀਂ ਦਿੱਲੀ।

**ਵਰਕਸ਼ੀਟ (2024-2025)   ਜਮਾਤ - ਤੀਜੀ   ਵਿਸ਼ਾ - ਪੰਜਾਬੀ**

1 **ਅਣਡਿੱਠਾ ਪੈਰ੍ਹਾ**

ਸਾਡੇ ਦੇਸ਼ ਵਿੱਚ ਕਈ ਪ੍ਰਕਾਰ ਦੇ ਪੰਛੀ ਪਾਏ ਜਾਂਦੇ ਹਨ। ਇਨ੍ਹਾਂ ਵਿੱਚੋਂ ਮੋਰ ਬੜਾ ਮਨਮੋਹਣਾ ਅਤੇ ਸੁੰਦਰ ਪੰਛੀ ਹੈ।ਮੋਰ ਭਾਰਤ ਦਾ ਰਾਸ਼ਟਰੀ ਪੰਛੀ ਹੈ। ਇਸਦਾ ਸਰੀਰ ਗੂੜ੍ਹੇ ਨੀਲੇ ਰੰਗ ਦਾ ਹੁੰਦਾ ਹੈ। ਇਸਦੀ ਗਰਦਨ ਲੰਮੀ ਹੁੰਦੀ ਹੈ। ਮੋਰ ਦੇ ਲੰਮੇ - ਲੰਮੇ ਖੰਭਾਂ ਉੱਤੇ ਚੰਦ ਜਿਹੇ ਅਕਾਰ ਬਣੇ ਹੁੰਦੇ ਹਨ। ਇਸਦੇ ਖੰਭਾਂ ਦਾ ਰੰਗ ਜਾਮਣੀ, ਨੀਲਾ ਤੇ ਹਰਾ ਹੁੰਦਾ ਹੈ। ਲੰਮੇ ਅਤੇ ਭਾਰੀ ਖੰਭ ਹੋਣ ਦੇ ਕਾਰਨ ਮੋਰ ਜ਼ਿਆਦਾ ਉਚਾਈ ਤੱਕ ਉੱਡ ਨਹੀਂ ਸਕਦਾ। ਮੋਰਨੀ ਦੇ ਖੰਭ ਬੜੇ ਛੋਟੇ ਹੁੰਦੇ ਹਨ। ਮੋਰ ਅਕਸਰ ਬਾਗਾਂ, ਖੇਤਾਂ ਅਤੇ ਜੰਗਲਾਂ ਵਿੱਚ ਪਾਏ ਜਾਂਦੇ ਹਨ।ਅਕਾਸ਼ ਵਿੱਚ ਜਦੋਂ ਬੱਦਲ ਚੜ੍ਹ ਆਉਂਦੇ ਹਨ ਤਾਂ ਮੋਰ ਖੁਸ਼ ਹੋ ਕੇ ਨੱਚਣ ਲੱਗਦਾ ਹੈ।ਨੱਚਦੇ ਸਮੇਂ ਇਹ ਬਹੁਤ ਸੋਹਣਾ ਲੱਗਦਾ ਹੈ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ**

ਪ੍ਰਸ਼ਨ 1 :- ਭਾਰਤ ਦਾ ਰਾਸ਼ਟਰੀ ਪੰਛੀ ਕਿਹੜਾ ਹੈ?

ਉੱਤਰ - ____________________________________

ਪ੍ਰਸ਼ਨ 2 :-ਮੋਰ ਦਾ ਸਰੀਰ ਕਿਹੜੇ ਰੰਗ ਦਾ ਹੁੰਦਾ ਹੈ?

ਉੱਤਰ - ____________________________________

ਪ੍ਰਸ਼ਨ 3 :- ਜਦੋਂ ਅਕਾਸ਼ ਵਿੱਚ ਬੱਦਲ ਚੜ੍ਹ ਆਉਂਦੇ ਹਨ ਤਾਂ ਮੋਰ ਕੀ ਕਰਦਾ ਹੈ?

ਉੱਤਰ - __________________________________________________

__________________________________________________

ਪ੍ਰਸ਼ਨ 4 :- ਖਾਲੀ ਥਾਵਾਂ ਭਰੋ:-

(ੳ) ਮੋਰਨੀ ਦੇ ਖੰਭ ਬੜੇ ______ ਹੁੰਦੇ ਹਨ।

(ਅ) ਨੱਚਦੇ ਸਮੇਂ ਉਹ ਬਹੁਤ _______ ਲੱਗਦਾ ਹੈ।

(ੲ) ਇਸਦੀ ______ ਲੰਮੀ ਹੁੰਦੀ ਹੈ।

ਪ੍ਰਸ਼ਨ 5 :- ਵਚਨ ਬਦਲੋ:-

(ੳ) ਖੰਭ - (ਅ) ਜੰਗਲ -

ਪ੍ਰਸ਼ਨ 6 :- ਸ਼ੁੱਧ ਕਰਕੇ ਲਿਖੋ:-

(ੳ) ਗੁੜਾ - (ਅ) ਮਨਮੋਹਨਾ -

**ਪ੍ਰਸ਼ਨ 2:- ਹਫਤੇ ਦੇ ਦਿਨ (ਪ੍ਰਸ਼ਨ /ਉੱਤਰ)**

(ੳ) ਹਫਤੇ ਵਿੱਚ ਕਿੰਨੇ ਦਿਨ ਹੁੰਦੇ ਹਨ?

ਉੱਤਰ :- ____________________________________________

(ਅ) ਹਫਤੇ ਦਾ ਪੰਜਵਾਂ ਦਿਨ ਕਿਹੜਾ ਹੁੰਦਾ ਹੈ?

ਉੱਤਰ :- ____________________________________________

(ੲ) ਸੋਮਵਾਰ ਅਤੇ ਬੁੱਧਵਾਰ ਦੇ ਵਿਚਕਾਰ ਕਿਹੜਾ ਦਿਨ ਆਉਂਦਾ ਹੈ?

ਉੱਤਰ :-____________________________________________

(ਸ) ਸ਼ੁੱਕਰਵਾਰ ਤੋਂ ਪਹਿਲਾਂ ਕਿਹੜਾ ਦਿਨ ਆਉਂਦਾ ਹੈ?

ਉੱਤਰ :- ____________________________________________

(ਹ) ਬੁੱਧਵਾਰ ਤੋਂ ਬਾਅਦ ਕਿਹੜਾ ਦਿਨ ਆਉਂਦਾ ਹੈ?

ਉੱਤਰ :- ____________________________________________

**ਪ੍ਰਸ਼ਨ 3:- ਬਹੁ-ਵਿਕਲਪੀ ਪ੍ਰਸ਼ਨ :-**

(1) ਲੱਕੜਾਂ ਕੱਟਣ ਵਾਲੇ ਨੂੰ ਕੀ ਕਿਹਾ ਜਾਂਦਾ ਹੈ?

ਲੱਕੜਹਾਰਾ ( ) ਹਲਵਾਈ ( )

(2) ਬਿਰਖੂ ਦੀ ਕੁਹਾੜੀ ਕਿਹੜੀ ਸੀ ?

ਸੋਨੇ ਦੀ ( ) ਲੋਹੇ ਦੀ ( )

(3) ਦਰਿਆ ਨੇ ਬਿਰਖੂ ਦੀ ਇਮਾਨਦਾਰੀ ਤੋਂ ਖੁਸ਼ ਹੋ ਕੇ ਉਸਨੂੰ ਕਿੰਨੀਆਂ ਕੁਹਾੜੀਆਂ ਰੱਖਣ ਲਈ ਦੇ ਦਿੱਤੀਆਂ ?

ਛੇ ( ) ਤਿੰਨ ( )

(4) ਬਿਰਖੂ ਦੀ ਕੁਹਾੜੀ ਹੱਥੋਂ ਛੁੱਟ ਕੇ ਕਿੱਥੇ ਡਿੱਗ ਪਈ ?

ਦਰਿਆ ਵਿੱਚ ( ) ਪਹਾੜ ਤੇ ( )

(5) ਮੀਨੂੰ ਅਤੇ ਟਿੰਕੂ ਦੇ ਮਾਮਾ ਜੀ ਕਿੱਥੇ ਰਹਿੰਦੇ ਸਨ?

ਚੰਡੀਗੜ੍ਹ ( ) ਜਲੰਧਰ ( )

(6) ਚੌਂਕ ਤੇ ਕਿੰਨੇ ਖੰਭੇ ਲੱਗੇ ਸਨ?

ਛੇ ( ) ਚਾਰ ( )

(7) ਕਿਹੜੀ ਬੱਤੀ ਹੋਣ ਤੇ ਸਾਨੂੰ ਚੱਲਣਾ ਚਾਹੀਦਾ ਹੈ?

ਹਰੀ ਬੱਤੀ ਹੋਣ ਤੇ ( ) ਲਾਲ ਬੱਤੀ ਹੋਣ ਤੇ ( )

(8) ਮੀਨੂੰ ਤੇ ਟਿੰਕੂ ਦੇ ਮਾਮਾ ਜੀ ਦੇ ਪੁੱਤਰ ਦਾ ਕੀ ਨਾਂ ਸੀ ?

ਸਿਮਰਤ ( ) ਸਿਮਰਨ ( )

**ਪ੍ਰਸ਼ਨ 4 :- ਖਾਲੀ ਥਾਵਾਂ ਭਰੋ:-**

(1) ਸਾਨੂੰ ਹਮੇਸ਼ਾ ਆਪਣੇ ________ ਹੱਥ ਤੁਰਨਾ ਚਾਹੀਦਾ ਹੈ।

(2) ਸ਼ਾਮ ਨੂੰ ________ ਉਹਨਾਂ ਨੂੰ ਬਜ਼ਾਰ ਘੁਮਾਉਣ ਲਈ ਲੈ ਗਿਆ।

(3) ਸੜਕ ਪਾਰ ਕਰਦੇ ਸਮੇਂ _________ ਨਹੀਂ ਕਰਨੀ ਚਾਹੀਦੀ।

(4) ਜਦੋਂ ਦਰਿਆ ਚੜ੍ਹੇ ਤਾਂ ਸੰਭਲ ਕੇ ਇਹਨੂੰ _______ ਕਰੋ।

(5) ਦਰਿਆ ਵਿੱਚ _______ ਕੁਹਾੜੀਆਂ ਡਿੱਗੀਆਂ ਨੇ।

(6) ਸੋਨੇ - ਚਾਂਦੀ ਦੀਆਂ ਕੁਹਾੜੀਆਂ _______ ਰਹੀਆਂ ਸਨ।

(7) ਜ਼ੈਬਰਾ - ਕ੍ਰਾਸਿੰਗ _______ਚੱਲਣ ਵਾਲਿਆਂ ਦੇ ਲੰਘਣ ਲਈ ਹੁੰਦੀ ਹੈ।

ਪ੍ਰਸ਼ਨ 5 :- ਵਾਕ ਬਣਾਓ:-

ਬਜ਼ਾਰ ,ਨਿਯਮ , ਸੜਕ , ਧਰਤੀ , ਮਿਹਨਤੀ , ਚਮਕ , ਲੱਕੜ , ਮੀਂਹ